**BCM SCHOOL BASANT AVENUE DUGRI ROAD LUDHIANA**

**Class IX          Sub-Punjabi**

1. **ਅਣਡਿੱਠਾ ਪੈਰਾ**

ਆਦਮੀ ਆਪਣਾ ਕੀਤਾ ਹੀ ਪਾਉਂਦਾ ਹੈ, ਆਪਣਾ ਬੀਜਿਆ ਹੀ ਕੱਟਦਾ ਹੈ। ਜਦ ਵੀ ਦੁਖੀ ਹੋਵੇ ਤਾਂ ਸਮਝ ਲਵੇ ਕਿ ਉਹ ਕਿਰਤੀ ਤੋਂ ਹਟ ਗਿਆ ਹੈ, ਨੇਮ ਤੋਂ ਪਰ੍ਹੇ ਹੋ ਗਿਆ ਹੈ, ਜੀਵਨ ਦੀ ਨਿਰੰਤਰ ਸਥਿਤੀ ਤੋਂ ਉਲਟ ਜਾ ਰਿਹਾ ਹੈ, ਇਸ ਲਈ ਭਟਕ ਰਿਹਾ ਹੈ। ਦੁੱਖ ਵਿੱਚ ਹੀ ਪਰਮਾਤਮਾ ਦੀ ਯਾਦ ਆਉਂਦੀ ਹੈ, ਸੁੱਖ ਵਿੱਚ ਤਾਂ ਤੁਸੀਂ ਭੁੱਲ ਜਾਂਦੇ ਹੋ। ਸੰਤ-ਮਹਾਂਪੁਰਸ਼ ਸਦਾ ਹੀ ਪਰਮਾਤਮਾ ਨੂੰ ਇਹੀ ਪ੍ਰਾਰਥਨਾ ਕਰਦੇ ਹਨ ਕਿ ਹੇ ਪ੍ਰਭੂ! ਥੋੜ੍ਹਾ ਦੁੱਖ ਤਾਂ ਸਦਾ ਹੀ ਦੇਂਦੇ ਰਹਿਣਾ, ਤਾਂ ਜੋ ਤੇਰੀ ਯਾਦ ਬਣੀ ਰਹੇ, ਅਸੀਂ ਤੈਨੂੰ ਪੁਕਾਰਦੇ ਰਹੀਏ।ਜੇ ਦੁੱਖ ਨਾ ਹੋਏਗਾ ਤਾਂ ਅਸੀਂ ਤੈਨੂੰ ਕਿਵੇਂ ਪੁਕਾਰਾਂਗੇ ? ਸੁੱਖ ਵਿੱਚ ਅਸੀਂ ਤੈਨੂੰ ਭੁੱਲ ਜਾਵਾਂਗੇ ਅਤੇ ਗੁਆਚ ਜਾਵਾਂਗੇ। ਦੁੱਖ ਦਾ ਇੱਕ ਹੀ ਅਰਥ ਹੈ ਕਿ ਆਦਮੀ ਧਰਮ ਤੋਂ ਡੋਲ ਗਿਆ ਹੈ। ਉਸ ਵੇਲੇ ਕਿਸੇ ਨੂੰ ਦੋਸ਼ ਨਾ ਦੇਣਾ, ਦੁੱਖ ਨੂੰ ਸੂਚਕ ਸਮਝਣਾ, ਖੋਜ ਕਰਨਾ ਕਿ ਆਦਮੀ ਪ੍ਰਕਿਰਤੀ ਤੋਂ ਉਲਟ ਹੋ ਗਿਆ ਹੈ, ਅਨੁਕੂਲ ਹੋਣ ਦੀ ਕੋਸ਼ਿਸ਼ ਕਰਨਾ; ਪ੍ਰਕਿਰਤੀ ਦੇ ਅਨੁਕੂਲ ਹੋਣਾ ਧਰਮ ਹੈ। ਧਰਮ ਤਾਂ ਮੌਜੂਦ ਹੈ, ਪਰ ਆਦਮੀ ਅੱਖੀਆਂ ਬੰਦ ਕਰ ਕੇ ਬੈਠ ਗਿਆ ਹੈ; ਸੂਰਜ ਤਾਂ ਨਿਕਲਿਆ ਹੋਇਆ ਹੈ, ਪਰ ਆਦਮੀ ਨੇ ਦਰਵਾਜ਼ਾ ਬੰਦ ਕਰ ਲਿਆ ਹੈ; ਦੀਵਾ ਤਾਂ ਜਗ ਰਿਹਾ ਹੈ, ਪਰ ਆਦਮੀ ਨੇ ਦੀਵੇ ਵੱਲ ਪਿੱਠ ਕਰ ਲਈ ਹੈ; ਵਰਖਾ ਤਾਂ ਹੋ ਰਹੀ ਹੈ, ਪਰ ਉਹ ਭਿੱਜਣ ਤੋਂ ਬਚਦਾ ਹੈ, ਅਮਾਵਸ ਦੀ ਹਨੇਰੀ ਰਾਤ ਵਿੱਚ ਆਦਮੀ ਛੁਪਿਆ ਹੋਇਆ ਹੈ।

- **ਪ੍ਰਸ਼ਨ ਉੱਤਰ**

1. ਮਨੁੱਖ ਦੁਖੀ ਕਿਉਂ ਹੁੰਦਾ ਹੈ?
2. ਸੰਤ ਮਹਾਪੁਰਸ਼ ਅਰਦਾਸ ਵਿੱਚ ਕੀ ਮੰਗਦੇ ਹਨ ਅਤੇ ਕਿਉਂ?
3. ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸੋ:- ਪ੍ਰਕਿਰਤੀ ,ਨੇਮ, ਸੂਚਕ, ਅਮਾਵਸ
4. 'ਜੇ ਦੁਖ ਨਾ ਹੋਏਗਾ ਤਾਂ ਅਸੀਂ ਤੈਨੂੰ ਕਿਵੇਂ ਪੁਕਾਰਾਂਗੇ' ਵਾਕ ਵਿੱਚ '**ਤੈਨੂੰ**' ਕਿਸ ਨੂੰ ਕਿਹਾ ਗਿਆ ਹੈ?

2. **ਮੁਹਾਵਰੇ -**ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਨਾਂ ਦੇ ਅਰਥ ਸਪਸ਼ਟ ਹੋ ਜਾਣ

ਹੱਡ ਭੰਨ ਕੇ ਕੰਮ ਕਰਨਾ, ਹੂੰਝਾ ਫੇਰ ਜਿੱਤ ਹੋਣੀ, ਸਮੇਂ ਦੀ ਨਬਜ ਪਛਾਣਣਾ, ਸੋਨੇ ਤੇ ਸੁਹਾਗਾ, ਅੱਖਾਂ ਅੱਗੇ ਖੋਪੇ ਚਾੜ ਦੇਣਾ

3. **ਅਤਿ ਛੋਟੇ ਪ੍ਰਸ਼ਨ ਉੱਤਰ**

1. ਲੇਖਕ ਦੇ ਭਰਾ ਲਈ ਬਿਰਧ ਮਾਪਿਆਂ ਦੀ ਸੇਵਾ ਕਿਸ ਚੀਜ਼ ਦੇ ਬਰਾਬਰ ਸੀ?
2. 'ਬੇਬੇ ਜੀ' ਪਾਠ ਵਿੱਚ ਆਏ ਸ਼ਬਦ 'ਮੁਰਦਾਰ ਖਾਣ' ਤੋਂ ਕੀ ਭਾਵ ਹੈ ਅਤੇ ਇਹ ਕਿੰਨ੍ਹਾ ਲਈ ਵਰਤਿਆ ਗਿਆ ਹੈ?
3. ਲੇਖਕ ਭੇਰੇ ਦਾ ਮੁਕਾਬਲਾ ਕਿਹੜੇ ਇਲਾਕਿਆਂ ਨਾਲ ਕਰਦਾ ਹੈ?
4. ਰਾਮ ਪਿਆਰੀ ਸਾਧੂਆਂ ਅੱਗੇ ਖਾਣ ਲਈ ਕੀ ਰੱਖਦੀ ਹੈ?
5. ਮੌਨਧਾਰੀ ਸਰੀਰਕ ਪੱਖੋਂ ਕਿਸ ਤਰ੍ਹਾਂ ਦਾ ਦਿਖਦਾ ਸੀ?
6. ਪਾਠ ਵਿੱਚ ਆਏ ਸ਼ਬਦ 'ਹੁਲੀਆ' ਦਾ ਸਹੀ ਅਰਥ ਲਿਖੋ?